# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ :08-05-2026**

ਚੰਡੀਗੜ੍ਹ ਵਿੱਚ ਇਮੀਗ੍ਰੇਸ਼ਨ ਸਬੰਧੀ ਧੋਖਾਧੜੀ 'ਤੇ ਨਿਯੰਤਰਣ ਲਈ ਕਾਨੂੰਨੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ 'ਪੰਜਾਬ ਮਾਨਵ ਤਸਕਰੀ ਰੋਕਥਾਮ ਐਕਟ 2012 ਤੇ ਸੋਧ ਐਕਟ, 2014' ਦਾ ਵਿਸਤਾਰ ਕੀਤਾ ਗਿਆ ਏ। ਇਸ ਐਕਟ ਦਾ ਵਿਸਤਾਰ ਟ੍ਰੈਵਲ ਏਜੰਟਾਂ ਦੇ ਨਿਯਮਨ ਹਿਤ ਇੱਕ ਮਜ਼ਬੂਤ ਕਾਨੂੰਨੀ ਢਾਂਚਾ ਪ੍ਰਦਾਨ ਕਰੇਗਾ, ਮਨੁੱਖੀ ਤਸਕਰੀ ਅਤੇ ਧੋਖਾਧੜੀ ਦੀਆਂ ਗਤੀਵਿਧੀਆਂ 'ਤੇ ਪ੍ਰਭਾਵੀ ਨਿਵਾਰਕ ਦੇ ਰੂਪ ਵਿੱਚ ਕਾਰਜ ਕਰੇਗਾ, ਗੁਆਂਢੀ ਰਾਜ ਪੰਜਾਬ ਨਾਲ ਰੈਗੂਲੇਟਰੀ ਇਕਰੂਪਤਾ ਯਕੀਨੀ ਬਣਾਏਗਾ ਅਤੇ ਨਾਗਰਿਕਾਂ ਨੂੰ ਸ਼ੋਸ਼ਣ ਅਤੇ ਧੋਖਾਧੜੀ ਤੋਂ ਸੁਰੱਖਿਆ ਪ੍ਰਦਾਨ ਕਰੇਗਾ। ਇਸ ਐਕਟ ਦੀਆਂ ਪ੍ਰਮੁੱਖ ਵਿਵਸਥਾਵਾਂ ਅਤੇ ਉਨ੍ਹਾਂ ਨਾਲ ਨਾਗਰਿਕਾਂ ਨੂੰ ਹੋਣ ਵਾਲੇ ਹੋਰ ਫਾਇਦਿਆਂ ਸਮੇਤ ਇਸ ਐਕਟ ਨਾਲ ਕੋਈ ਵੀ ਵਿਅਕਤੀ ਸਮਰੱਥ ਅਥਾਰਿਟੀ ਤੋਂ ਲਾਇਸੈਂਸ ਪ੍ਰਾਪਤ ਕੀਤੇ ਬਿਨਾ ਟ੍ਰੈਵਲ ਏਜੰਟ ਦੇ ਰੂਪ ਵਿਚ ਕਾਰਜ ਨਹੀਂ ਕਰ ਸਕੇਗਾ ਅਤੇ ਲਾਇਸੈਂਸ ਦੇਣ ਤੋਂ ਪਹਿਲਾਂ ਉਸ ਏਜੇਂਟ ਦੀ ਪੁਲਿਸ

ਤਸਦੀਕ ਜ਼ਰੂਰੀ ਹੋਵੇਗੀ, ਜਿਸ ਨਾਲ ਅਵੈਧ ਅਤੇ ਬੇਈਮਾਨ ਏਜੰਟਾਂ 'ਤੇ ਰੋਕ ਲਗੇਗੀ ਤੇ ਜਨਵਿਸ਼ਵਾਸ ਵਿੱਚ ਵਾਧਾ ਹੋਵੇਗਾ।

------------------------------------------------------------

ਮਹਿਲਾ ਤੇ ਬਾਲ ਵਿਕਾਸ  ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਏ ਕਿ ਪੰਜਾਬ ਸਰਕਾਰ ਹਾਸ਼ੀਆਗ੍ਰਸਤ ਅਤੇ ਲੋੜਵੰਦ ਵਰਗਾਂ ਦੇ ਬੱਚਿਆਂ ਨੂੰ ਗੁਣਵੱਤਾ ਭਰੀ ਸਿੱਖਿਆ ਨਾਲ ਜੋੜਨ ਲਈ ਪੂਰੀ ਤਰ੍ਹਾਂ ਵਚਨਬੱਧ ਏ , ਤਾਂ ਜੋ ਕੋਈ ਵੀ ਬੱਚਾ ਸਿਰਫ ਆਰਥਿਕ ਤੰਗੀ ਕਾਰਨ ਆਪਣੇ ਸੁਪਨਿਆਂ ਤੋਂ ਵਾਂਝਾ ਨਾ ਰਹੇ।ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਦੇ ਕਾਰਜਕਾਲ ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਮੁਫਤ ਪਾਠ ਪੁਸਤਕਾਂ ਦੀ ਸਪਲਾਈ ਸਕੀਮ ਅਧੀਨ 204.69 ਕਰੋੜ ਰੁਪਏ ਦੀ ਅਦਾਇਗੀ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਕੀਤੀ ਗਈ ਏ। ਉਨ੍ਹਾਂ ਕਿਹਾ ਕਿ ਇਹ ਰਕਮ ਹਜ਼ਾਰਾਂ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਨੂੰ ਮਜ਼ਬੂਤ ਆਧਾਰ ਪ੍ਰਦਾਨ ਕਰਨ ਵਿੱਚ ਸਹਾਇਕ ਸਾਬਤ ਹੋ ਰਹੀ ਏ। ਕੈਬਨਿਟ ਮੰਤਰੀ ਨੇ ਕਿਹਾ ਕਿ ਸਿੱਖਿਆ ਹੀ ਉਹ ਸਭ ਤੋਂ ਵੱਡੀ ਤਾਕਤ ਏ ਜੋ ਕਿਸੇ ਵੀ ਬੱਚੇ ਦੀ ਕਿਸਮਤ ਬਦਲ ਸਕਦੀ ਏ।

---------------------------------------------------

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਤੀਜੇ ਦਿਨ 'ਸ਼ੁਕਰਾਨਾ ਯਾਤਰਾ'ਨੂੰ ਬਠਿੰਡਾ ਤੋਂ ਸ਼ੁਰੂ ਕੀਤਾ। ਇਸ ਯਾਤਰਾ ਦੀ ਸ਼ੁਰੂਆਤ ਸਮੇਂ ਜੁੜੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਹਨਾਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਆਖਿਆ ਕਿ ਸਰਕਾਰ ਵੱਲੋਂ ਬੇਅਦਬੀ ਵਿਰੁੱਧ ਜੋ ਨਵਾਂ ਕਾਨੂੰਨ ਬਣਾਇਆ ਗਿਆ ਏ , ਉਸ ਕੰਮ ਵਿੱਚ ਸੰਗਤ ਦੀਆਂ ਅਰਦਾਸਾਂ ਸ਼ਾਮਿਲ ਨੇ । ਉਨ੍ਹਾਂ ਕਿਹਾ ਕਿ ਹੁਣ ਕੋਈ ਬੇਅਦਬੀ ਕਰਨ ਬਾਰੇ ਸੋਚੇਗਾ ਵੀ ਨਹੀਂ, ਜੇ ਕੋਈ ਕਰੇਗਾ ਤਾਂ ਉਸ ਨੂੰ ਸਾਰੀ ਉਮਰ ਜੇਲ੍ਹ ਵਿੱਚ ਰਹਿਣਾ ਪਵੇਗਾ । ਇਹ ਯਾਤਰਾ ਅੱਗੇ ਤਲਵੰਡੀ ਸਾਬੋ ਹੁੰਦੀ ਹੋਈ ਮਾਨਸਾ ਦੇ ਪਿੰਡ ਬਹਿਣੀਵਾਲ ਤੇ ਉਸ ਤੋਂ ਬਾਅਦ ਮਾਨਸਾ ਸ਼ਹਿਰ ਵਿਖੇ ਰੁਕੇਗੀ । ਉਸ ਤੋਂ ਬਾਅਦ ਮੁੱਖ ਮੰਤਰੀ ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਣਗੇ। ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਇਸ ਚਾਰ ਦਿਨਾਂ ਸ਼ੁਕਰਾਨਾ ਯਾਤਰਾ ਦੀ ਸਮਾਪਤੀ 9 ਮਈ ਨੂੰ ਫਤਿਹਗੜ੍ਹ ਸਾਹਿਬ ਵਿਚ ਹੋਵੇਗੀ।

---------------------------------------------------

ਆਕਾਸ਼ਵਾਣੀ ਦੇ 90 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਆਕਾਸ਼ਵਾਣੀ ਵਲੋਂ ਦੇਸ਼ ਭਰ ਸਮੇਤ ਪੰਜਾਬ ਵਿਚ ਵੀ ਆਪਣੇ ਜਲੰਧਰ ਅਤੇ ਪਟਿਆਲਾ ਸਟੇਸ਼ਨਾਂ ਤੇ ਭਲਕੇ 9 ਮਈ ਨੂੰ ਇੱਕ ਵਿਸ਼ੇਸ਼ ਵਾਕਾਥਾਨ ਦਾ

ਆਯੋਜਨ ਕੀਤਾ ਜਾ ਰਿਹਾ ਏ। ਇਹ ਸਮਾਗਮ ਆਕਾਸ਼ਵਾਣੀ ਵੱਲੋਂ ਪਿਛਲੇ 9 ਦਹਾਕਿਆਂ ਦੌਰਾਨ ਸਰੋਤਿਆਂ ਨੂੰ ਨਿਰੰਤਰ ਦਿੱਤੀਆਂ ਗਈਆਂ ਬੇਮਿਸਾਲ ਸੇਵਾਵਾਂ ਨੂੰ ਸਮਰਪਿਤ ਹੋਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਆਕਾਸ਼ਵਾਣੀ ਪੰਜਾਬ ਦੇ ਕਲੱਸਟਰ ਹੈਡ ਅਤੇ ਡਿਪਟੀ ਡਾਇਰੈਕਟਰ ਜਨਰਲ (ਇੰਜਨਰਿੰਗ) ਰਣਜੀਤ ਮੀਣਾ ਨੇ ਦੱਸਿਆ ਕਿ ਇਸ ਵਾਕਾਥਾਨ ਵਿੱਚ ਆਕਾਸ਼ਵਾਣੀ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ announcers , ਕਲਾਕਾਰ ਤੇ ਸਰੋਤੇ ਵੀ ਆਕਾਸ਼ਵਾਣੀ ਦੇ ਸ਼ਾਨਦਾਰ 90 ਸਾਲਾਂ ਦੇ ਇਸ ਸਫ਼ਰ ਨੂੰ ਯਾਦਗਾਰੀ ਬਣਾਉਣ ਲਈ ਇਸ ਵਿਚ ਸ਼ਿਰਕਤ ਕਰ ਰਹੇ ਨੇ । ਅਕਾਸ਼ਵਣੀ ਨਾਲ ਬੀਤੇ 60 ਸਾਲਾਂ ਤੋਂ ਵੱਧ ਸਮੇ ਤੋਂ ਜੁੜੇ ਸਰੋਤੇ ਗੁਰਮੀਤ ਸਿੰਘ ਖਾਨਪੁਰੀ ਨੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਦੱਸਿਆ ਕਿ---

Byte

ਜ਼ਿਕਰਯੋਗ ਏ ਕਿ ਆਕਾਸ਼ਵਾਣੀ ਦੀ ਸਥਾਪਨਾ 8 ਮਈ 1936 ਨੂੰ ਆਲ ਇੰਡੀਆ ਰੇਡੀਓ ਦੇ ਰੂਪ ਵਿਚ ਹੋਈ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਨੇ ਲਗਾਤਾਰ ਲੋਕ-ਸੇਵਾ ਦੇ ਮਿਸ਼ਨ ਨੂੰ ਨਿਭਾਉਂਦਿਆਂ ਦੇਸ਼ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਇਆ ਏ। ਦੇਸ਼ ਸਮੇਤ ਪੰਜਾਬ ਭਰ ਵਿਚ ਲੋਕਾਂ ਤਕ ਹਰ ਜ਼ਰੂਰੀ ਸੂਚਨਾ ਪਹੁੰਚਾਉਣ ਖ਼ਾਸ ਕਰਕੇ ਹਰੀ ਕ੍ਰਾਂਤੀ ਦੌਰਾਨ ਕਿਸਾਨਾਂ ਤੱਕ ਨਵੀਂਆਂ ਜਾਣਕਾਰੀਆਂ ਪਹੁੰਚਾਉਣ, ਜੰਗਾਂ

ਸਮੇਂ ਲੋਕਾਂ ਨੂੰ ਜਾਗਰੂਕ ਕਰਨ ਅਤੇ ਹੋਰਨਾਂ ਜਾਣਕਾਰੀਆਂ ਸਾਂਝੀਆਂ ਕਰਨ ਵਿੱਚ ਇਸ ਦੀ ਭੂਮਿਕਾ ਕਾਬਿਲ-ਏ-ਤਾਰੀਫ਼ ਰਹੀ ਏ। ਇਸ ਤੋਂ ਇਲਾਵਾ ਕੁਦਰਤੀ ਆਫ਼ਤਾਂ ਅਤੇ ਹੋਰ ਸੰਕਟਕਾਲੀਨ ਹਾਲਾਤਾਂ ਵਿੱਚ ਵੀ ਆਕਾਸ਼ਵਾਣੀ ਨੇ ਸਮੇਂ-ਸਿਰ ਸਹੀ ਜਾਣਕਾਰੀ ਪਹੁੰਚਾ ਕੇ ਸਮਾਜ ਲਈ ਆਪਣੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ ਏ।

-------------------------------------------------------